SET-4

Series SSO

Code No. 4

Candidates must write the Code on the title page of the answer-book.

Roll No. | | | | | | | |

- Please check that this question paper contains **7** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **16** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

ਪੰਜਾਬੀ

PUNJABI

ਸਮਾਂ ਸੀਮਾਂ : ੩ ਘੰਟੇ ਪੂਰਣ ਅੰਕ : 100

Time allowed : 3 hours *Maximum Marks : 100*

1. ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹ ਕੇ ਉਸ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿੱਖੋ : *2×5=10*

ਬਾਲਕ ਸਿਧਾਰਥ ਬਚਪਨ ਤੋਂ ਬੜੇ ਹੋਣਹਾਰ, ਚਿੰਤਾਸ਼ੀਲ ਤੇ ਏਕਾਂਤ ਪ੍ਰੇਮੀ ਸਨ। ਰਾਜੇ ਨੂੰ ਪੁੱਤਰ ਦੀ ਅਜਿਹੀ ਬਿਰਤੀ ਵੇਖ ਕੇ ਚਿੰਤਾ ਹੋਈ। ਉਹਨਾਂ ਦੇ ਮੰਤਰੀਆਂ ਦੀ ਸਲਾਹ ਨਾਲ ਪੁੱਤਰ ਦਾ ਵਿਆਹ ਰਾਜਕੁਮਾਰੀ ਯਸ਼ੋਧਰਾ ਨਾਲ ਕਰ ਦਿਤਾ ਤੇ ਉਹਨਾਂ ਦੇ ਸੁਖ ਆਰਾਮ ਲਈ

ਤਿੰਨਾਂ ਰਿਤੂਆਂ, ਗਰਮੀ, ਬਰਸਾਤ ਤੇ ਸਰਦੀ ਦੀਆਂ ਅਲਗ ਅਲਗ ਲੋੜਾਂ ਵਾਲੇ ਤਿੰਨ ਵਖ ਵਖ ਮਹਲ ਬਣਵਾ ਦਿਤੇ ਤੇ ਮਨ ਪ੍ਰਚਾਵੇ ਦੇ ਵੀ ਸਾਰੇ ਸਾਧਨ ਇਕੱਠੇ ਕਰ ਦਿਤੇ । ਪਰ ਸਿਧਾਰਥ ਨੂੰ ਕੋਈ ਨਾ ਕੋਈ ਸੋਚ ਲਗੀ ਰਹਿੰਦੀ । ਉਹਨਾਂ ਦੇ ਪਿਤਾ, ਪਤਨੀ ਸਭ ਉਹਨਾਂ ਨੂੰ ਉਦਾਸੀ ਤੇ ਚਿੰਤਾ ਦਾ ਕਾਰਨ ਪੁੱਛਦੇ, ਪਰ ਉਹ ਉੱਤਰ ਵਿਚ ਕੇਵਲ ਮੁਸਕਰਾ ਦੇਂਦੇ ਸਨ ।

ਇਕ ਦਿਨ ਸਿਧਾਰਥ ਆਪਣੇ ਪਿਤਾ ਦੀ ਆਗਿਆ ਨਾਲ ਸ਼ਹਿਰ ਦੀ ਸੈਰ ਲਈ ਮਹਿਲ ਤੋਂ ਬਾਹਰ ਗਿਆ । ਰਾਜਾ ਆਪਣੇ ਪੁੱਤਰ ਦੇ ਚੁਪ-ਗੜੁੱਪ ਸੁਭਾ ਬਾਰੇ ਅੱਗੇ ਹੀ ਫਿਕਰਮੰਦ ਸੀ । ਉਸਨੇ ਰਥਵਾਨ ਨੂੰ ਸਮਝਾ ਦਿੱਤਾ ਕਿ ਰੱਥ ਨੂੰ ਅਜਿਹੇ ਰਸਤੇ ਲੈ ਜਾਈਂ ਜਿਥੇ ਦੁਖ ਦੇਣ ਵਾਲਾ ਕੋਈ ਨਜ਼ਾਰਾ ਸਿਧਾਰਥ ਦੀਆਂ ਅੱਖਾਂ ਸਾਹਵੇਂ ਨਾ ਆਏ ।

(ਅ) ਬਚਪਨ ਤੋਂ ਸਿਧਾਰਥ ਦਾ ਸੁਭਾ ਕਿਹੋ ਜਿਹਾ ਸੀ ?

(ਅਅ) ਉਸਦੇ ਪਿਤਾ ਨੇ ਇਸ ਲਈ ਕੀ ਕੀਤਾ ?

(ਅਅਅ) ਰਾਜੇ ਨੇ ਤਿੰਨ ਮਹਿਲ ਕੀ ਸੋਚ ਕੇ ਬਣਵਾ ਦਿਤੇ ?

(ਸ) ਉਦਾਸੀ ਦਾ ਕਾਰਨ ਪੁੱਛਣ ਤੇ ਸਿਧਾਰਥ ਕੀ ਜਵਾਬ ਦਿੰਦਾ ?

(ਹ) ਰਾਜੇ ਨੇ ਰਥਵਾਨ ਨੂੰ ਕੀ ਸਮਝਾਇਆ ?

2. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ***ਇੱਕ*** ਉਪਰ ੨੦੦ ਸ਼ਬਦਾਂ ਦਾ ਲੇਖ ਲਿਖੋ : *10*

(ਅ) ਮਾਤ ਭਾਸ਼ਾ ਦਾ ਮਹੱਤਵ

(ਅਅ) ਵਿਦਿਆਰਥੀਆਂ ਲਈ ਅਨੁਸ਼ਾਸਨ ਦਾ ਮਹੱਤਵ

(ਅਅਅ) ਭ੍ਰਿਸ਼ਟਾਚਾਰ ਦੀ ਸਮੱਸਿਆ

(ਸ) ਨਾਰੀ ਦਾ ਸਤਿਕਾਰ : ਮਾਨਵਤਾ ਦਾ ਸਤਿਕਾਰ

3. ਤੁਸੀਂ ਅਚਾਨਕ ਇਕ ਹਫ਼ਤੇ ਲਈ ਮੁੰਬਈ ਜਾ ਰਹੇ ਹੋ । ਆਪਣੇ ਮਿੱਤਰ ਨੂੰ ਈ ਮੇਲ ਲਿਖ ਕੇ ਕਹੋ ਕਿ ਉਹ ਸਕੂਲ ਵਿਚ ਪ੍ਰਿੰਸੀਪਲ ਸਾਹਿਬ ਨੂੰ ਸੂਚਿਤ ਕਰ ਦੇਵੇ । *7*

ਜਾਂ

ਪੁਰਾਣੀ ਕਾਰ ਖਰੀਦਣ ਲਈ ਅਖ਼ਬਾਰ ਵਾਸਤੇ ੨੫ – ੪੦ ਸ਼ਬਦਾਂ ਦਾ ਇਸ਼ਤਿਹਾਰ ਤਿਆਰ ਕਰੋ ।

4. ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖ ਕੇ ਦਸੋ ਕਿ ਚੋਣਾਂ ਦੇ ਦਿਨਾਂ ਵਿਚ ਤੁਹਾਡੇ ਇਲਾਕੇ ਵਿਚ ਕੁਝ ਗ਼ੈਰ-ਸਮਾਜਕ ਤੱਤ ਪੈਸੇ ਤੇ ਸ਼ਰਾਬ ਵੰਡ ਦੇ ਰਹੇ ਹਨ। *8*

5. ਹੇਠ ਲਿਖੇ ਮੁਹਾਵਰਿਆਂ ਵਿਚੋਂ ***ਤਿੰਨ*** ਦੇ ਅਰਥ ਸਪੱਸ਼ਟ ਕਰੋ ਅਤੇ ਵਾਕਾਂ ਵਿਚ ਵਰਤੋ : *3*

(ਅ) ਗਲ ਪਿਆ ਢੋਲ ਵਜਾਉਣਾ

(ਅਅ) ਜ਼ਬਾਨ ਖੁਲ੍ਹਣੀ

(ਅਅਅ) ਝੱਖ ਮਾਰਨੀ

(ਸ) ਚੰਨ ਚਾੜ੍ਹਨਾ

(ਹ) ਖਿਉ ਖਿਚੜੀ ਹੋਣਾ

6. ਹੇਠ ਲਿਖੇ ਸ਼ਬਦਾਂ ਦੇ ਸ਼ਬਦ ਜੋੜ ਸਹੀ ਕਰਕੇ ਲਿਖੋ : *6*

ਸੇਹਰਾ, ਬੁੱਡਾ, ਫੋਜ, ਜਾੜੂ, ਬਿਆਹ, ਬਰਗਿਆੜ

7. ਹੇਠ ਲਿਖੀ ਵਾਰਤਾ ਨੂੰ ਸਹੀ ਵਿਸਰਾਮ ਚਿੰਨ੍ਹ ਲਗਾ ਕੇ ਲਿਖੋ : *3*

ਨਹੀਂ ਯਾਰ ਇਹ ਗੱਲ ਨਹੀਂ ਮੈਂ ਨਕਲ ਨਹੀਂ ਮਾਰੀ ਰੋਪੀ ਨੇ ਖਿਝ ਕੇ ਕਿਹਾ ਫੇਰ ਤੂੰ ਫ਼ਸ਼ਟ ਕਿਵੇਂ ਆ ਗਿਆ ਮੋਹਨ ਨੇ ਤੁਰੰਤ ਪੁਛਿਆ

8. ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ : *3*

(ਅ) ਉਸਦੀ ਭੈਣਾਂ ਬਹੁਤ ਚੰਗੀਆਂ ਹਨ।

(ਅਅ) ਮੁੰਡੇ ਨੂੰ ਤੋੜ ਕੇ ਫੜਾਓ ਗੇਂਨਾ।

(ਅਅਅ) ਮਿੱਠਾ ਘਟ ਹੈ ਵਿਚ ਦੁੱਧ।

9. ਹੇਠ ਲਿਖੀਆਂ ਕਾਵਿ ਟੁਕੜੀਆਂ ਵਿਚੋਂ ਕਿਸੇ ***ਇੱਕ*** ਹੇਠ ਦਿਤੇ ਪ੍ਰਸ਼ਨਾਂ ਦੇ ਉੱਤਰ ਲਿਖੋ : *2×4=8*

(ਓ) ਹਾਏ ਓ ਰੌਂਬਾ

ਫੜ ਲਿਆ ਚੂਚਾ ਡਾਢਿਆਂ

ਤੇ ਫੜਿਆ ਛੁਰੀ ਹੇਠ ਉਡੀਕੇ ਨਿੱਕਾ ਚੂਚਾ ਰਾਮ ਨੂੰ

ਮਾਰਨ ਵਾਲੇ ਦੀ ਅੱਖ ਵਲ ਟੱਕ ਬੰਨ੍ਹ ਤੱਕਦਾ

ਮਤੇ ਅੱਖ ਨਾਲ ਅੱਖ ਮੇਲ ਉਹ ਹੁਣ ਵੀ ਪਛਾਣ ਲਵੇ

ਆਪੇ ਉਪਰ ਛੁਰੀ ਚਲਦੀ !!

(ਅ) ਚੂਚਾ ਕਿਹਨਾਂ ਨੇ ਫੜ ਲਿਆ ਹੈ ਤੇ ਕਿਉਂ ?

(ਅਅ) ਚੂਚਾ ਕਿਸ ਰਾਮ ਨੂੰ ਉਡੀਕ ਰਿਹਾ ਹੈ ?

(ਅਅਅ) ਚੂਚਾ ਮਾਰਨ ਵਾਲੇ ਪਾਸੋਂ ਕੀ ਉਮੀਦ ਕਰ ਰਿਹਾ ਹੈ ?

(ਸ) 'ਡਾਢਿਆਂ' ਅਤੇ 'ਟੱਕ ਬੰਨ੍ਹ ਤੱਕਣ' ਦੇ ਅਰਥ ਸਪੱਸ਼ਟ ਕਰੋ।

(ਅ) ਏਦਾਂ ਮਜ਼ਦੂਰਾਂ ਦੀ ਝਾਕੀ,

ਜਦ ਮੈਨੂੰ ਦਿਸ ਆਈ,

ਨਾਲ ਪੀੜ ਦੇ ਕਲਵਲ ਹੋ ਕੇ

ਰੂਹ ਮੇਰੀ ਕੁਰਲਾਈ।

(ਅ) ਮਜ਼ਦੂਰਾਂ ਦੀ ਝਾਕੀ ਵਿਚ ਕੀ ਹੈ ?

(ਅਅ) ਇਹਨਾਂ ਸਤਰਾਂ ਨਾਲ ਸੰਬੰਧਿਤ ਕਵੀ ਤੇ ਕਵਿਤਾ ਦਾ ਨਾਂ ਲਿਖੋ।

(ਅਅਅ) ਮਜ਼ਦੂਰਾਂ ਦੀ ਝਾਕੀ ਤੋਂ ਪਹਿਲਾਂ ਕਿਹੋ ਜਿਹਾ ਦ੍ਰਿਸ਼ ਪੇਸ਼ ਹੋਇਆ ਹੈ ?

(ਸ) 'ਕਲਵਲ' ਤੇ 'ਕੁਰਲਾਈ' ਸ਼ਬਦਾਂ ਦੇ ਅਰਥ ਵਾਕ ਬਣਾ ਕੇ ਸਪੱਸ਼ਟ ਕਰੋ।

10. ਹੇਠ ਦਿਤੀਆਂ ਕਾਵਿ ਟੁਕੜੀਆਂ ਵਿਚੋਂ ਕਿਸੇ ***ਇੱਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : *7*

(ੳ) ਭਟਕਣ ਛੱਡ, ਲਟਕ ਲਾ ਇੱਕੋ

ਖ਼ੀਵੀ ਹੋ ਸੁਖ ਮਾਣੀ,

ਹੋਸ਼ਾਂ ਨਾਲੋਂ ਮਸਤੀ ਚੰਗੀ,

ਰਖਦੀ ਸਦਾ ਟਿਕਾਣੇ।

(ਅ) ਦਰਬਾਰੋਂ ਜੇ ਮਿਲੇ ਪਿਆਲਾ

ਸਣ ਜਾਲੇ ਪੀ ਜਾਈਏ

ਪੁਣ ਕੇ ਪੀਣਾ ਤੇ ਚੁਣ ਕੇ ਜੀਣਾ

ਇਹ ਨਹੀਂ ਪੁਗਦਾ ਹਾਲੇ

11. ਹੇਠ ਲਿਖੇ ਵਾਰਤਾਲਾਪ ਅੰਸ਼ਾਂ ਨੂੰ ਪੜ੍ਹੋ ਅਤੇ ਕਿਸੇ ***ਇੱਕ*** ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : *3*

(ੳ) ਘੋਗੇ ਨੇ ਮੰਤਰ ਨੂੰ ਦੁਹਰਾਇਆ ਤੇ ਚੇਤੇ ਕੀਤਾ। ਕਾਲੇ ਸਾਧ ਨੇ ਅੱਗੇ ਕਿਹਾ, ''ਸਾਤ ਦਿਨ ਕੇ ਪਸ਼ਚਾਤ ਏਕ ਔਰ ਤਵੀਤ ਲੇ ਜਾਨਾ। ਵੋ ਇਸਸੇ ਭੀ ਜ਼ੋਰਦਾਰ ਹੋਗਾ। ... ਅਬ ਜਾਓ। ਲੇਕਿਨ ਪੀਛੇ ਮੁੜ ਕਰ ਮਤ ਦੇਖਨਾ। ਦੇਖੋਗੇ ਤੋ ਤਵੀਤ ਔਰ ਮੰਤਰ ਕਾ ਅਸਰ ਖ਼ਤਮ ਹੋ ਜਾਏਗਾ। ... ਜਾਓ।''

(ਅ) ਘੋਗੇ ਨੇ ਕਿਸ ਕੰਮ ਲਈ ਤਵੀਤ ਲਿਆ ?

(ਅਅ) ਕੀ ਘੋਗਾ ਸੱਤ ਦਿਨ ਬਾਦ ਫਿਰ ਤਵੀਤ ਲੈਣ ਗਿਆ ?

(ਅਅਅ) ਤਵੀਤ ਦਾ ਕੀ ਅਸਰ ਹੋਇਆ ?

(ਅ) ''ਸੋਨ ਕਾਟੋ !'' ਮਾਲੀ ਨੇ ਹੈਰਾਨ ਹੋ ਕੇ ਕਿਹਾ, ''ਮੈਂ ਤਾਂ ਕਦੇ ਕੋਈ ਸੋਨ-ਕਾਟੋ ਨਹੀਂ ਦੇਖੀ। ਏਥੇ ਤਾਂ ਕਾਲੀਆਂ ਧਾਰੀਆਂ ਵਾਲੀਆਂ ਸਲੇਟੀ ਕਾਟੋਆਂ ਫਿਰਦੀਆਂ ਨੇ। ਸੋਨ-ਕਾਟੋ ਹੁੰਦੀ ਕਦੋਂ ਐ।''

(ਅ) ਮਾਲੀ ਕਿਸ ਨਾਲ ਗਲ ਕਰ ਰਿਹਾ ਹੈ ?

(ਅਅ) ਸੋਨ-ਕਾਟੋ ਕੋਈ ਕਿਉਂ ਲਭ ਰਿਹਾ ਹੈ ?

(ਅਅਅ) ਕੀ ਸੋਨ-ਕਾਟੋ ਮਿਲੇਗੀ ?

12. ‘ਗੁਆਚਿਆ ਮੁੰਡਾ’ ਨਾਵਲ ਦੀ ਕਥਾ ਵਿੱਚ ਪਏ ਸੰਦੇਸ਼ ਨੂੰ ਆਪਣੇ ਸ਼ਬਦਾਂ ਵਿਚ ਲਿਖੋ। *7*

ਜਾਂ

ਗੁਆਚਿਆ ਮੁੰਡਾ ਨਾਵਲ ਵਿਚਲੇ ਮੁਖ ਪਾਤਰ ‘ਘੋਰੇ’ ਦਾ ਚਰਿੱਤਰ ਚਿਤਰਣ ਕਰੋ।

13. ਹੇਠ ਲਿਖੇ ਕਥਾ-ਅੰਸ਼ਾਂ ਵਿਚੋਂ ਕਿਸੇ ***ਇੱਕ*** ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : *2+2+1=5*

(ਉ) ‘‘ਅੱਜ ਨ੍ਹੀਂ ਥਈ ਸੌਣ ਦਿੰਦਾ ਚੰਨਣਾ !’’ ਕਣੀਆਂ ਤੋਂ ਕਾਣਤ ਕੇ ਘੁੱਦਾ, ਬੋਲਿਆ।

‘‘ਓ ਸਾਡੀ ਤਾਂ ਜੂਨ ਈ ਮਾੜੀ ਐ-ਨਾ ਦਿਨ ਨੂੰ ਚੈਨ, ਨਾ ਰਾਤ ਨੂੰ ਨੀਂਦ।’’ ਚੰਨਣ ਦੀਆਂ ਅੱਖਾਂ ਵਿਚ ਰੋੜ ਰੜਕ ਰਹੇ ਸਨ।

(ਅ) ਕੌਣ ਨਹੀਂ ਸੌਣ ਦੇ ਰਿਹਾ ?

(ਅਅ) ਕਿਹਦੀ ਜੂਨ ਦੀ ਗਲ ਹੋ ਰਹੀ ਹੈ ?

(ਅਅਅ) ਸੰਬੰਧਿਤ ਕਹਾਣੀ ਦਾ ਨਾਂ ਲਿਖੋ।

(ਅ) ਮੇਰੀ ਘਰਵਾਲੀ ਨੇ ਤੱਕਿਆ ਕਿ ਹਾਰੀ ਹੋਈ ਆਯਾ ਨੂੰ ਪਹਿਲੀ ਮੰਜ਼ਲ ਦੀਆਂ ਪੌੜੀਆਂ ਚੜ੍ਹਦਿਆਂ ਵਰ੍ਹਾ ਲਗ ਗਿਆ ਸੀ। ਵਿਦਿਆ ਕਾਰਨ ਮਿੱਸ ਸਾਫ਼ਟ ਦੀ ਜੜ੍ਹਾਂ ਕਿੰਨੀਆਂ ਡੂੰਘੀਆਂ ਸਨ ਉਸ ਇਸੇ ਕਾਰਨ ਉਸਦੀਆਂ ਬਾਹਾਂ ਅਨੇਕ ਤੇ ਸ਼ਕਤੀਸ਼ਾਲੀ ਸਨ।

(ਅ) ਆਯਾ ਕਿਉਂ ਹਾਰੀ ਹੋਈ ਸੀ ?

(ਅਅ) ਮਿੱਸ ਸਾਫ਼ਟ ਦੀ ਕਿਸ ਸ਼ਕਤੀ ਦੀ ਗੱਲ ਹੋ ਰਹੀ ਹੈ ?

(ਅਅਅ) ਸੰਬੰਧਿਤ ਕਹਾਣੀਕਾਰ ਦਾ ਨਾਂ ਲਿਖੋ।

14. ‘ਸੂਲੀ ਉਤੇ ਲਟਕੇ ਪਲ’ ਕਹਾਣੀ ਵਿਚ ਪੇਸ਼ ਸਮਾਜਕ ਤੇ ਪਰਿਵਾਰਕ ਸੰਕਟ ਬਾਰੇ ੧੦੦ – ੧੨੫ ਸ਼ਬਦਾਂ ਵਿੱਚ ਲਿਖੋ। *5*

ਜਾਂ

‘ਵਹਿੰਗੀ’ ਕਹਾਣੀ ਵਿਚ ਪ੍ਰਸਤੁਤ ਬਜ਼ੁਰਗਾਂ ਦੀ ਸਮੱਸਿਆ ਬਾਰੇ ੧੦੦ – ੧੨੫ ਸ਼ਬਦਾਂ ਵਿਚ ਲਿਖੋ।

15. ਗੁਰਮਤਿ-ਕਾਵਿ ਨਾਲ ਸੰਬੰਧਿਤ ਦੋ ਕਵੀਆਂ ਬਾਰੇ ਨੋਟ ਲਿਖੋ। *10*

ਜਾਂ

ਆਧੁਨਿਕ ਪੰਜਾਬੀ ਕਵਿਤਾ ਦੇ ਸਮਾਜਵਾਦੀ ਕਾਵਿ ਸਿਰਜਣਾ ਦੇ ਦੌਰ ਬਾਰੇ ੧੦੦ – ੧੪੦ ਸ਼ਬਦ ਲਿਖੋ।

16. ਕਦਰਾਂ ਕੀਮਤਾਂ ਤੇ ਆਧਾਰਿਤ ਪ੍ਰਸ਼ਨ : *5*

''ਕਾਕਾ ਗੁਰੂ ਪੀਰ ਤਾਂ ਈ ਸਹਾਈ ਹੁੰਦੇ ਐ ਜੇ ਬੰਦਾ ਆਪ ਮਿਹਨਤ ਕਰੇ। ਜੇ ਹੱਥ 'ਤੇ ਹੱਥ ਧਰ ਕੇ ਬੈਠੇ ਰਹੋ, ਟੀ ਵੀ ਦੇਖਦੇ ਰਹੋ ਜਾਂ ਅਵਾਰਾਗਰਦੀ ਕਰਦੇ ਫਿਰੋ ਤਾਂ ਗੁਰੂ ਪੀਰ ਕੀ ਕਰ ਲਊ ? ਹੈਂ ? ਦੱਸ ਮੈਨੂੰ !''

ਉਪਰਲੇ ਵਾਰਤਾਲਾਪ ਵਿਚ ਇਕ ਮਾਂ ਆਪਣੇ ਪੁੱਤਰ ਨੂੰ ਅੰਧਵਿਸ਼ਵਾਸ ਤੋਂ ਸਾਵਧਾਨ ਕਰਦੀ ਅਤੇ ਮਿਹਨਤ ਲਈ ਪ੍ਰੇਰਦੀ ਦਿੱਖ ਰਹੀ ਹੈ। ਇਸ ਸੋਚ ਬਾਰੇ ਆਪਣੀ ਰਾਏ ੧੦੦ ਕੁ ਸ਼ਬਦਾਂ ਵਿਚ ਲਿਖੋ।